# ਆਮ ਪੁੱਛੇ ਜਾਣ ਵਾਲੇ ਸਵਾਲ – ਮੋਟਰ ਗੱਡੀ ਦੇ ਐਕਸੀਡੈਂਟ ਵਿਚ ਲੱਗੀ ਸੱਟ ਦੇ ਝਗੜੇ ਅਤੇ ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ

*1 ਅਪਰੈਲ, 2019 ਤੋਂ ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ) ਬ੍ਰਿਟਿਸ਼ ਕੋਲੰਬੀਆ ਵਿਚ ਮੋਟਰ ਗੱਡੀ ਦੇ ਐਕਸੀਡੈਂਟ ਵਿਚ ਲੱਗੀ ਸੱਟ (ਐੱਮ ਵੀ ਆਈ) ਦੇ ਬਹੁਤ ਸਾਰੇ ਕਲੇਮ ਹੱਲ ਕਰਦਾ ਆ ਰਿਹਾ ਹੈ।*

*ਇਨ੍ਹਾਂ ਵਿਚ ਐਕਸੀਡੈਂਟ ਬੈਨੇਫਿਟਸ ਬਾਰੇ ਝਗੜੇ, ਫਾਲਟ ਅਤੇ 50,000 ਡਾਲਰ ਤੱਕ ਦੇ ਡੈਮੇਜ ਦੇ ਝਗੜੇ ਅਤੇ ਇਹ ਫੈਸਲਾ ਕਰਨ ਦੇ ਝਗੜੇ ਸ਼ਾਮਲ ਹਨ ਕਿ ਕੀ ਕੋਈ ਸੱਟ "ਮਾਮੂਲੀ ਸੱਟ" ਹੈ।*

*1 ਮਈ, 2021 ਨੂੰ ਜਾਂ ਬਾਅਦ ਵਿਚ ਹੋਣ ਵਾਲੇ ਐਕਸੀਡੈਂਟਾਂ ਲਈ, ਬ੍ਰਿਟਿਸ਼ ਕੋਲੰਬੀਆ ਵਿਚ ਐਕਸੀਡੈਂਟ ਬੈਨੇਫਿਟਸ ਵਿਚ ਵਾਧੇ ਦਾ ਸਿਸਟਮ ਲਾਗੂ ਹੋਵੇਗਾ ਅਤੇ ਮੋਟਰ ਗੱਡੀ ਦੀ ਸੱਟ ਦੇ ਬਹੁਤੇ ਝਗੜੇ ਸੀ ਆਰ ਟੀ ਕੋਲ ਆਉਣਗੇ।*

## ਸੀ ਆਰ ਟੀ ਬਾਰੇ

### *ਕੀ ਸੀ ਆਰ ਟੀ ਕੋਰਟ ਵਾਂਗ ਹੈ?*

ਸੀ ਆਰ ਟੀ ਇਕ ਪ੍ਰਬੰਧਕੀ ਟ੍ਰਿਬਿਊਨਲ ਹੈ, ਕੋਰਟ (ਅਦਾਲਤ) ਨਹੀਂ ਹੈ। ਪਰ ਕੋਰਟ ਵਾਂਗ, ਸੀ ਆਰ ਟੀ, ਇਨਸਾਫ਼ ਦੇ ਜਨਤਕ ਸਿਸਟਮ ਦਾ ਹਿੱਸਾ ਹੈ, ਇਸ ਦੇ ਸੀ ਆਰ ਟੀ ਮੈਂਬਰ ਆਜ਼ਾਦ ਅਤੇ ਨਿਰਪੱਖ ਹਨ, ਅਤੇ ਇਹ ਕਾਨੂੰਨ ਲਾਗੂ ਕਰਦਾ ਹੈ ਅਤੇ ਲਾਗੂ ਹੋਣ ਯੋਗ ਫੈਸਲੇ ਕਰਦਾ ਹੈ।

ਸੀ ਆਰ ਟੀ ਕੋਲ ਮੋਟਰ ਗੱਡੀ ਦੇ ਐਕਸੀਡੈਂਟ ਵਿਚ ਬਹੁਤੀਆਂ ਸੱਟਾਂ (ਐੱਮ ਵੀ ਆਈ) ਦੇ ਝਗੜਿਆਂ, ਅਤੇ ਇਸ ਦੇ ਨਾਲ ਨਾਲ ਸਟਰੈਟਾ ਪ੍ਰਾਪਰਟੀ ਦੇ ਝਗੜਿਆਂ, 5,000 ਡਾਲਰ ਤੋਂ ਘੱਟ ਦੇ ਛੋਟੇ ਕਲੇਮਾਂ, ਅਤੇ ਸੁਸਾਇਟੀਆਂ ਅਤੇ ਕੋਅਪਰੇਟਿਵ ਐਸੋਸੀਏਸ਼ਨਾਂ ਨਾਲ ਸੰਬੰਧਿਤ ਖਾਸ ਝਗੜਿਆਂ ਬਾਰੇ ਫੈਸਲੇ ਕਰਨ ਦਾ ਅਧਿਕਾਰ ਹੈ।

### *ਕੀ ਸੀ ਆਰ ਟੀ ਦੇ ਮੈਂਬਰ ਆਈ ਸੀ ਬੀ ਸੀ ਦੇ ਮੁਲਾਜ਼ਮ ਹਨ?*

ਨਹੀਂ। ਸੀ ਆਰ ਟੀ ਦੇ ਮੈਂਬਰ ਆਜ਼ਾਦ ਹਨ ਅਤੇ ਬਹੁਤ ਹੀ ਵੱਡੇ ਮੈਰਿਟ ਆਧਾਰਿਤ ਮੁਕਾਬਲੇ ਤੋਂ ਬਾਅਦ ਸੀ ਆਰ ਟੀ ਦੇ ਚੇਅਰ ਵਲੋਂ ਸਿਫਾਰਸ਼ ਕੀਤੇ ਜਾਣ ਦੇ ਆਧਾਰ `ਤੇ ਸੂਬੇ ਦੀ ਸਰਕਾਰ ਵਲੋਂ ਨਿਯੁਕਤ ਕੀਤੇ ਜਾਂਦੇ ਹਨ। ਮੈਂਬਰਾਂ ਦੀ ਚੋਣ ਲਈ ਮੁਕਾਬਲੇ ਵਿਚ, ਯੋਗਤਾਵਾਂ ਦੀ ਸਖਤ ਕਸੌਟੀ, ਬਹੁਤ ਜ਼ਿਆਦਾ ਜਾਂਚ, ਫੈਸਲੇ ਲਿਖਣ ਦੇ ਅਭਿਆਸ ਦੀ ਗੁਮਨਾਮੀ ਨਾਲ ਜਾਂਚ, ਪੈਨਲ ਇੰਟਰਵਿਊ, ਰੈਫਰੈਂਸ ਚੈੱਕ, ਅਤੇ ਹੋਰ ਛਾਣਬੀਣ ਸ਼ਾਮਲ ਹਨ। ਇਸ ਦੇ ਇਲਾਵਾ, ਸੀ ਆਰ ਟੀ ਟ੍ਰਿਬਿਊਨਲ ਦੇ ਸਾਰੇ ਮੈਂਬਰਾਂ ਲਈ ਸੀ ਆਰ ਟੀ ਦੇ ਨਿਯਮਾਂ (ਕੋਡ ਔਫ ਕੰਡਕਟ) ਦੀ ਪਾਲਣਾ ਕਰਨਾ ਜ਼ਰੂਰੀ ਹੈ।

## ਸੀ ਆਰ ਟੀ ਵਲੋਂ ਝਗੜੇ ਦਾ ਹੱਲ ਕੀਤੇ ਜਾਣ ਲਈ ਅਪਲਾਈ ਕਰਨਾ

### *ਕੀ ਮੈਨੂੰ ਪਹਿਲਾਂ ਆਈ ਸੀ ਬੀ ਸੀ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕਰਨੀ ਪਵੇਗੀ?*

ਜੇ ਤੁਸੀਂ ਇਨਸ਼ੋਰੈਂਸ ਵਾਲਿਆਂ ਨਾਲ ਨਿਪਟਾਰੇ ਲਈ ਗੱਲਬਾਤ ਕਰਦੇ ਹੋ ਤਾਂ ਤੁਸੀਂ ਸ਼ਾਇਦ ਹੱਲ ਛੇਤੀ ਕੱਢ ਸਕਦੇ ਹੋਵੋ। ਪਰ ਜੇ ਤੁਸੀਂ ਆਪਣੇ ਆਪ ਨਿਪਟਾਰਾ ਨਾ ਕਰ ਸਕਦੇ ਹੋਵੋ ਤਾਂ ਸੀ ਆਰ ਟੀ ਤੁਹਾਡੀ ਮਦਦ ਲਈ ਮੌਜੂਦ ਹੈ। ਸੀ ਆਰ ਟੀ ਕੋਲ ਆਪਣਾ ਕੇਸ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡੇ ਲਈ ਆਈ ਸੀ ਬੀ ਸੀ ਨਾਲ ਫੈਸਲਾ ਕਰਨਾ ਜ਼ਰੂਰੀ ਨਹੀਂ ਹੈ।

### *ਜੇ ਐਕਸੀਡੈਂਟ ਬੀ ਸੀ ਤੋਂ ਬਾਹਰ ਹੋਇਆ ਹੋਵੇ ਤਾਂ ਕੀ ਮੈਂ ਅਪਲਾਈ ਕਰ ਸਕਦਾ/ਸਕਦੀ ਹਾਂ?*

ਇਹ ਇਸ ਚੀਜ਼ `ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਚੀਜ਼ ਦਾ ਕਲੇਮ ਕਰ ਰਹੇ ਹੋ। ਜੇ ਤੁਹਾਡਾ ਕਲੇਮ ਐਕਸੀਡੈਂਟ ਬੈਨੇਫਿਟਸ ਲਈ ਹੈ ਤਾਂ ਤੁਹਾਡਾ ਐਕਸੀਡੈਂਟ ਬੀ ਸੀ ਵਿਚ ਹੋਇਆ ਹੋਣਾ ਜ਼ਰੂਰੀ ਨਹੀਂ ਹੈ। ਜੇ ਤੁਹਾਡਾ ਕਲੇਮ ਐਕਸੀਡੈਂਟ ਬੈਨੇਫਿਟਸ ਦੀ ਬਜਾਏ ਕਿਸੇ ਹੋਰ ਚੀਜ਼ ਲਈ ਹੈ ਤਾਂ ਤੁਸੀਂ ਸੀ ਆਰ ਟੀ ਰਾਹੀਂ ਆਪਣੇ ਕਲੇਮ ਕਰਨ ਦੇ ਯੋਗ ਹੋ ਸਕਦੇ ਹੋ ਜਾਂ ਤੁਹਾਨੂੰ ਉਸ ਸੂਬੇ ਜਾਂ ਦੇਸ਼ ਵਿਚ ਅਪਲਾਈ ਕਰਨਾ ਪੈ ਸਕਦਾ ਹੈ ਜਿੱਥੇ ਐਕਸੀਡੈਂਟ ਹੋਇਆ ਸੀ।

### *ਕੀ ਮੈਂ ਆਪਣੀ ਨੁਮਾਇੰਦਗੀ ਲਈ ਵਕੀਲ ਕਰ ਸਕਦਾ/ਸਕਦੀ ਹਾਂ?*

ਹਾਂ। 1 ਅਪਰੈਲ, 2019 ਨੂੰ ਜਾਂ ਇਸ ਤੋਂ ਬਾਅਦ ਹੋਏ ਮੋਟਰ ਗੱਡੀ ਦੇ ਐਕਸੀਡੈਂਟ ਵਿਚ ਲੱਗੀ ਸੱਟ ਦੇ ਕਲੇਮਾਂ ਲਈ ਤੁਸੀਂ ਆਪਣੀ ਨੁਮਾਇੰਦਗੀ ਲਈ ਵਕੀਲ ਕਰ ਸਕਦੇ ਹੋ। ਸੀ ਆਰ ਟੀ ਕੋਲ ਝਗੜਿਆਂ ਦੀਆਂ ਹੋਰ ਕਿਸਮਾਂ ਲਈ, ਤੁਹਾਨੂੰ ਸੀ ਆਰ ਟੀ ਤੋਂ ਆਗਿਆ ਲੈਣ ਦੀ ਲੋੜ ਹੋ ਸਕਦੀ ਹੈ। ਇਸ ਕਾਰਜ ਵਿਚ ਸਾਡਾ ਔਨਲਾਈਨ ਐਪਲੀਕੇਸ਼ਨ ਫਾਰਮ ਤੁਹਾਨੂੰ ਸੇਧ ਦੇਵੇਗਾ।

### *ਕੀ ਤੁਹਾਨੂੰ ਲੱਗਦਾ ਹੈ ਕਿ ਮੇਰਾ ਕਲੇਮ ਕਾਮਯਾਬ ਹੋਵੇਗਾ?*

ਸੀ ਆਰ ਟੀ ਇਕ ਆਜ਼ਾਦ, ਨਿਰਪੱਖ ਫੈਸਲੇ ਕਰਨ ਵਾਲਾ ਹੈ। ਸਾਡਾ ਸਟਾਫ ਤੁਹਾਨੂੰ ਕਾਨੂੰਨੀ ਸਲਾਹ ਨਹੀਂ ਦੇ ਸਕਦਾ ਜਾਂ ਇਹ ਨਹੀਂ ਦੱਸ ਸਕਦਾ ਕਿ ਤੁਹਾਡੇ ਕਾਮਯਾਬ ਹੋਣ ਦੀ ਕਿੰਨੀ ਕੁ ਸੰਭਾਵਨਾ ਹੈ।

ਜੇ ਤੁਹਾਨੂੰ ਕਾਮਯਾਬ ਹੋਣ ਦੇ ਆਪਣੇ ਮੌਕਿਆਂ ਬਾਰੇ ਸਲਾਹ ਦੀ ਲੋੜ ਹੋਵੇ ਤਾਂ ਤੁਸੀਂ ਸੀ ਆਰ ਟੀ ਵਲੋਂ ਝਗੜੇ ਦਾ ਹੱਲ ਕੀਤੇ ਜਾਣ ਲਈ ਅਪਲਾਈ ਕਰਨ ਤੋਂ ਪਹਿਲਾਂ ਕਿਸੇ ਵਕੀਲ ਜਾਂ ਕਾਨੂੰਨੀ ਸੇਵਾਵਾਂ ਦੇਣ ਵਾਲੇ ਤੋਂ ਪੇਸ਼ਾਵਰ ਸਲਾਹ ਲੈਣਾ ਚਾਹੁੰਦੇ ਹੋ ਸਕਦੇ ਹੋ।

### *ਝਗੜੇ ਦੇ ਹੱਲ ਕਰਨ ਦੀ ਕਾਰਵਾਈ ਨੂੰ ਕਿੰਨਾ ਸਮਾਂ ਲੱਗਦਾ ਹੈ?*

ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ) ਦਾ ਮਕਸਦ, ਝਗੜਿਆਂ ਦੇ ਹੱਲ ਜਿੰਨਾ ਵੀ ਸੰਭਵ ਹੋ ਸਕੇ ਨਿਰਪੱਖਤਾ ਨਾਲ, ਛੇਤੀ, ਅਤੇ ਪੁੱਜਤ ਵਿਚ ਕਰਨਾ ਹੈ। ਪਰ ਹਰ ਝਗੜਾ ਵੱਖਰਾ ਹੁੰਦਾ ਹੈ। ਕਿਸੇ ਝਗੜੇ ਨੂੰ ਹੱਲ ਕਰਨ ਦਾ ਸਮਾਂ ਇਸ ਚੀਜ਼ `ਤੇ ਨਿਰਭਰ ਕਰਦਾ ਹੈ ਕਿ ਕੀ ਧਿਰਾਂ ਕਾਰਵਾਈ ਵਿਚ ਪਹਿਲਾਂ ਐਗਰੀਮੈਂਟ `ਤੇ ਪਹੁੰਚ ਸਕਦੀਆਂ ਹਨ, ਅਤੇ ਝਗੜੇ ਵਿਚਲੇ ਮਸਲਿਆਂ ਦੀ ਮਾਤਰਾ ਅਤੇ ਸਬੂਤ ਕੀ ਹਨ।

## ਗੱਲਬਾਤ ਅਤੇ ਮਦਦ

### *ਜੇ ਮੈਂ ਗੱਲਬਾਤ ਨਾ ਕਰਨਾ ਚਾਹਾਂ ਤਾਂ ਕੀ ਹੋਵੇਗਾ?*

ਗੱਲਬਾਤ ਦੇ ਕਾਰਜ ਵਿਚ ਹਿੱਸਾ ਲੈਣਾ ਮਰਜ਼ੀ ਹੁੰਦਾ ਹੈ ਅਤੇ ਤੁਹਾਡੇ ਲਈ ਇਸ ਵਿਚ ਸ਼ਾਮਲ ਹੋਣਾ ਜ਼ਰੂਰੀ ਨਹੀਂ ਹੈ। ਪਰ ਜੇ ਤੁਸੀਂ ਔਨਲਾਈਨ ਗੱਲਬਾਤ ਦੌਰਾਨ ਕਿਸੇ ਐਗਰੀਮੈਂਟ `ਤੇ ਪਹੁੰਚ ਜਾਂਦੇ ਹੋ ਤਾਂ ਅਸੀਂ ਤੁਹਾਡੀ ਐਪਲੀਕੇਸ਼ਨ ਦੀ ਫੀਸ ਵਾਪਸ ਕਰ ਦਿਆਂਗੇ ਅਤੇ ਤੁਹਾਡਾ ਐਗਰੀਮੈਂਟ ਲਾਗੂ ਕਰਨ ਯੋਗ ਸੀ ਆਰ ਟੀ ਦੇ ਆਰਡਰ ਵਿਚ ਬਦਲਿਆ ਜਾ ਸਕਦਾ ਹੈ।

### *ਕੀ ਮੇਰੇ ਲਈ ਮਦਦ (ਫਾਸਿਲਟੀਟੇਸ਼ਨ) ਵਿਚ ਹਿੱਸਾ ਲੈਣਾ ਜ਼ਰੂਰੀ ਹੈ?*

ਹਾਂ। ਸਾਰੀਆਂ ਧਿਰਾਂ ਤੋਂ ਮਦਦ (ਫਾਸਿਲੀਟੇਸ਼ਨ) ਵਿਚ ਹਿੱਸਾ ਲੈਣ ਦੀ ਮੰਗ ਕੀਤੀ ਜਾਂਦੀ ਹੈ, ਜਿੱਥੇ ਕੇਸ ਮੈਨੇਜਰ ਕਿਸੇ ਐਗਰੀਮੈਂਟ `ਤੇ ਪਹੁੰਚਣ ਦੀ ਕੋਸ਼ਿਸ਼ ਕਰਨ ਵਿਚ ਤੁਹਾਡੀ ਮਦਦ ਕਰੇਗਾ। ਜੇ ਤੁਸੀਂ ਕਿਸੇ ਐਗਰੀਮੈਂਟ `ਤੇ ਨਾ ਪਹੁੰਚ ਸਕੋ ਤਾਂ ਸੀ ਆਰ ਟੀ ਦਾ ਇਕ ਆਜ਼ਾਦ ਮੈਂਬਰ ਤੁਹਾਡੇ ਝਗੜੇ ਬਾਰੇ ਲਾਗੂ ਹੋਣ ਯੋਗ ਫੈਸਲਾ ਕਰੇਗਾ।

## ਫੈਸਲਾ ਲੈਣਾ

### *ਮੇਰੇ ਝਗੜੇ ਦਾ ਫੈਸਲਾ ਕੌਣ ਕਰੇਗਾ?*

ਜੇ ਤੁਸੀਂ ਕਿਸੇ ਐਗਰੀਮੈਂਟ `ਤੇ ਨਾ ਪਹੁੰਚ ਸਕੋ ਤਾਂ ਸੀ ਆਰ ਟੀ ਦਾ ਇਕ ਆਜ਼ਾਦ ਮੈਂਬਰ ਤੁਹਾਡੇ ਝਗੜੇ ਦਾ ਫੈਸਲਾ ਕਰੇਗਾ। ਸੀ ਆਰ ਟੀ ਦੇ ਸਾਰੇ ਮੈਂਬਰ ਫੈਸਲੇ ਕਰਨ ਵਿਚ ਮਾਹਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਇਕ ਵਿਆਪਕ, ਮੈਰਿਟ-ਆਧਾਰਿਤ ਚੋਣ ਦੇ ਕਾਰਜ ਤੋਂ ਬਾਅਦ ਨਿਯੁਕਤ ਕੀਤਾ ਜਾਂਦਾ ਹੈ। ਮੋਟਰ ਗੱਡੀ ਦੇ ਐਕਸੀਡੈਂਟ ਵਿਚ ਲੱਗੀ ਸੱਟ (ਐੱਮ ਵੀ ਆਈ) ਦੇ ਝਗੜਿਆਂ ਦਾ ਫੈਸਲਾ ਕਰਨ ਵਾਲੇ ਸੀ ਆਰ ਟੀ ਦੇ ਮੈਂਬਰ ਵਕੀਲ ਹੁੰਦੇ ਹਨ ਜਿਨ੍ਹਾਂ ਨੂੰ ਨਿੱਜੀ ਸੱਟਾਂ ਦੇ ਕਾਨੂੰਨ ਵਿਚ ਮੁਹਾਰਤ ਹਾਸਲ ਹੁੰਦੀ ਹੈ।

### *ਕੀ ਫੈਸਲੇ ਅਤੇ ਮੇਰੇ ਨਾਂ ਨੂੰ ਜਨਤਕ ਕੀਤਾ ਜਾਵੇਗਾ?*

ਬਹੁਤੇ ਕੇਸਾਂ ਵਿਚ, ਹਾਂ। *ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ ਐਕਟ* ਇਹ ਮੰਗ ਕਰਦਾ ਹੈ ਕਿ ਅੰਤਿਮ ਫੈਸਲੇ ਅਤੇ ਆਰਡਰਾਂ ਨੂੰ ਸੀ ਆਰ ਟੀ ਦੇ ਵੈੱਬਸਾਈਟ ਉੱਪਰ ਪਾਇਆ ਜਾਣਾ ਜ਼ਰੂਰੀ ਹੈ, ਜਿੱਥੇ ਉਹ ਜਨਤਾ ਲਈ ਉਪਲਬਧ ਹੁੰਦੇ ਹਨ। ਪਰ ਜੇ ਕੋਈ ਧਿਰ ਜਾਂ ਗਵਾਹ ਇਸ ਚੀਜ਼ ਬਾਰੇ ਫਿਕਰਮੰਦ ਹੋਵੇ ਕਿ ਅੰਤਿਮ ਫੈਸਲੇ ਜਾਂ ਆਰਡਰ ਵਿਚਲੀ ਜਾਣਕਾਰੀ ਉਸ ਦੀ ਪ੍ਰਾਈਵੇਸੀ ਜਾਂ ਸੁਰੱਖਿਆ ਲਈ ਨੁਕਸਾਨਦੇਹ ਹੋਵੇਗੀ ਤਾਂ ਉਹ ਇਹ ਬੇਨਤੀ ਕਰ ਸਕਦੇ ਹਨ ਕਿ ਇਹ ਜਾਣਕਾਰੀ ਬਾਹਰ ਕੱਢੀ ਜਾਵੇ ਜਾਂ ਗੁਮਨਾਮ ਰੱਖੀ ਜਾਵੇ।

ਆਮ ਤੌਰ `ਤੇ, ਜੇ ਫੈਸਲੇ ਵਿਚ ਕੋਈ ਨਾਬਾਲਗ (19 ਸਾਲ ਤੋਂ ਘੱਟ ਉਮਰ ਦਾ ਵਿਅਕਤੀ) ਜਾਂ ਇਸੇ ਤਰ੍ਹਾਂ ਦਾ ਕੋਈ ਨੁਕਸਾਨ ਦੀ ਜ਼ਦ ਵਿਚ ਆ ਸਕਣ ਵਾਲਾ ਵਿਅਕਤੀ ਸ਼ਾਮਲ ਹੋਵੇ ਤਾਂ ਸੀ ਆਰ ਟੀ ਫੈਸਲੇ ਨੂੰ ਗੁਮਨਾਮ ਰੱਖੇਗਾ ਜਾਂ ਨੁਕਸਾਨ ਦੀ ਜ਼ਦ ਵਿਚ ਆ ਸਕਣ ਵਾਲੇ ਵਿਅਕਤੀ ਦੀ ਭੇਤਦਾਰੀ ਦੀ ਰੱਖਿਆ ਕਰਨ ਲਈ ਹੋਰ ਕਦਮ ਚੁੱਕੇਗਾ।

## ਫੈਸਲੇ ਤੋਂ ਬਾਅਦ

### *ਜੇ ਮੈਂ ਫੈਸਲੇ ਨਾਲ ਸਹਿਮਤ ਨਾ ਹੋਵਾਂ ਤਾਂ ਕੀ ਹੋਵੇਗਾ?*

ਮੋਟਰ ਗੱਡੀ ਦੇ ਐਕਸੀਡੈਂਟ ਵਿਚ ਲੱਗੀ ਸੱਟ ਦੇ ਝਗੜਿਆਂ ਬਾਰੇ ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ) ਦੇ ਫੈਸਲਿਆਂ ਦਾ ਜੁਡੀਸ਼ਲ ਰਿਵੀਊ ਹੋ ਸਕਦਾ ਹੈ। ਇਸ ਦਾ ਭਾਵ ਹੈ ਕਿ ਤੁਸੀਂ ਸੀ ਆਰ ਟੀ ਦੇ ਫੈਸਲੇ ਦੀ ਨਜ਼ਰਸਾਨੀ ਕੀਤੇ ਜਾਣ ਲਈ ਬੀ ਸੀ ਦੀ ਸੁਪਰੀਮ ਕੋਰਟ ਨੂੰ ਕਹਿ ਸਕਦੇ ਹੋ।

## ਕੀ ਕੋਈ ਸਵਾਲ ਹੈ ਜਿਸ ਦਾ ਜਵਾਬ ਅਸੀਂ ਇੱਥੇ ਨਹੀਂ ਦਿੱਤਾ ਹੈ?

### *ਸਾਡੇ ਨਾਲ ਸੰਪਰਕ ਕਰੋ!*

www.civilresolutionbc.ca `ਤੇ ਜਾਉ ਅਤੇ ਸਾਡਾ ਸਾਡੇ ਨਾਲ ਸੰਪਰਕ ਕਰੋ ਫਾਰਮ ਵਰਤੋ। ਜਾਂ ਸਾਨੂੰ 1-844-322-2292 `ਤੇ ਫੋਨ ਕਰੋ (ਨੌਰਥ ਅਮਰੀਕਾ ਵਿਚ ਮੁਫਤ)।